**ਮਿਤੀ 25.4.2012 ਨੂੰ ਸ਼੍ਰੀ ਸੁਰਜੀਤ ਕੁਮਾਰ ਜਿਆਣੀ, ਮਾਨਯੋਗ ਕਿਰਤ ਮੰਤਰੀ ਪੰਜਾਬ ਅਤੇ ਚੇਅਰਮੈਨ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਪ੍ਰਧਾਨਗੀ ਹੇਠ ਬੋਰਡ ਦੀ ਸੱਤਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 7ਵੀਂ ਮੀਟਿੰਗ ਸ਼੍ਰੀ ਸੁਰਜੀਤ ਕੁਮਾਰ ਜਿਆਣੀ, ਮਾਨਯੋਗ ਕਿਰਤ ਮੰਤਰੀ ਪੰਜਾਬ ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਮਿਤੀ 25.4.2012 ਨੂੰ ਬਾਅਦ ਦੁਪਹਿਰ 3.00 ਵਜੇ ਉਨ੍ਹਾਂ ਦੇ ਦਫਤਰੀ ਕਮਰਾ ਨੰ: 20, ਤੀਜੀ ਮੰਜਿਲ, ਸਿਵਲ ਸੱਕਤਰੇਤ ਪੰਜਾਬ ਵਿਖੇ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੁਮਾਇੰਦਿਆ ਨੇ ਭਾਗ ਲਿਆ:-

| | | |
|---|---|---|
| 1. | ਸ੍ਰੀ ਆਰ.ਸੀ.ਨੱਯਰ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ | ਮੈਂਬਰ |
| 2. | ਸ੍ਰੀ ਪ੍ਰਭਜੋਤ ਸਿੰਘ ਮੰਡ, ਆਈ.ਏ.ਐਸ<br>ਕਿਰਤ ਕਮਿਸ਼ਨਰ ਪੰਜਾਬ | ਮੈਂਬਰ ਸਕੱਤਰ |
| 3. | ਸ੍ਰੀ ਐਸ.ਕੇ ਸਲੂਜਾ<br>ਕਾਰਜਕਾਰੀ ਇੰਜ: (ਕੈਨਾਲ) | ਨੁਮਾਇੰਦਾ<br>ਪ੍ਰਮੁੱਖ ਸਕੱਤਰ/ਸਕੱਤਰ<br>ਪੰਜਾਬ ਸਿੰਚਾਈ ਵਿਭਾਗ, ਪੰਜਾਬ |
| 4. | ਸ੍ਰੀ, ਏ.ਕੇ ਸਿੰਗਲਾ<br>ਚੀਫ ਇੰਜੀਨੀਅਰ (ਭਵਨ)<br>ਲੋਕ ਨਿਰਮਾਣ ਵਿਭਾਗ ਪੰਜਾਬ | ਨੁਮਾਇੰਦਾ<br>ਪ੍ਰਮੱਖ ਸਕੱਤਰ/ ਸਕੱਤਰ,<br>ਪੰਜਾਬ ਸਰਕਾਰ ਲੋ.ਨਿ.ਵਿ. (ਭ ਤੇ ਮ) |
| 5. | ਸ਼੍ਰੀ ਸੋਮਨਾਥ<br>ਮਕਾਨ ਨੰ: 802/9, ਪਟੇਲ ਨਗਰ<br>ਸਿਵਲ ਲਾਈਨਜ, ਲੁਧਿਆਣਾ | ਮੈਂਬਰ |
| 6. | ਸ਼੍ਰੀ ਰਾਜਿੰਦਰ ਮਿਤਲ<br>ਪੁਤਰ ਲੇਟ ਸ਼੍ਰੀ ਦਵਾਰਕਾ ਦਾ ਮਿੱਤਲ<br>ਗਨਪਤੀ ਟਾਉਨਸ਼ਿਪ ਲਿਮ:<br>ਹਾਜੀ ਰਤਨ ਲਿੰਕ ਰੋਡ, ਬਠਿੰਡਾ | ਮੈਂਬਰ |
| 7. | ਸ਼੍ਰੀ ਸੁਭਾਸ਼ ਰਾਮ ਪਾਲ ਪੁਤਰ ਸ਼੍ਰੀ ਕੁੰਦਨ ਲਾਲ,<br>(ਡਿਪਟੀ ਕਮਿਸ਼ਨਰ ਦੀ ਰਹਾਇਸ਼ ਦੇ ਪਿਛਲੇ ਪਾਸੇ),<br>ਹੁਸ਼ਿਆਰਪੁਰ | ਮੈਂਬਰ |
| 8. | ਸ਼੍ਰੀ ਕਰਤਾਰ ਸਿੰਘ ਰਾਠੋਰ,<br>ਭਾਰਤੀਆਂ ਮਜਦੂਰ ਸੰਘ, ਸਿਵਲ ਲਾਈਨਜ਼<br>ਜੀ.ਟੀ ਰੋਡ ਜਲੰਧਰ। | ਮੈਂਬਰ |
| 9. | ਸ਼੍ਰੀ ਦੀਪਕ ਤਾਇਲ ਪੁੱਤਰ ਲੇਟ ਸ਼੍ਰੀ ਰਮੇਸ਼ ਚੰਦ ਤਾਇਲ<br>ਮਾਰਫਤ ਬੀ.ਸੀ.ਆਈ ਇੰਡਸਟਰੀਜ਼ ਐਂਡ ਇਨਫਰਾਸਟ੍ਰਕਚਰਜ਼ ਲਿਮ:<br>ਹਾਜ਼ੀ ਰਤਨ ਲਿੰਕ ਰੋਡ ਬਠਿੰਡਾ। | ਮੈਂਬਰ |

ਮੀਟਿੰਗ ਦੇ ਆਰੰਭ ਵਿਚ ਕਿਰਤ ਕਮਿਸ਼ਨਰ, ਪੰਜਾਬ-ਕਮ-ਮੈਂਬਰ ਸਕੱਤਰ ਬੋਰਡ ਵਲੋਂ ਮਾਨਯੋਗ ਕਿਰਤ ਮੰਤਰੀ ਜੀ, ਜਿਨ੍ਹਾਂ ਵਲੋਂ ਬੋਰਡ ਦੇ ਚੇਅਰਮੈਨ ਦੇ ਤੌਰ ਤੇ ਪਹਿਲੀ ਵਾਰ ਮੀਟਿੰਗ ਦੀ ਪ੍ਰਧਾਨਗੀ ਕੀਤੀ ਗਈ ਹੈ, ਦਾ ਸੁਆਗਤ ਕਰਦੇ ਹੋਏ, ਮੀਟਿੰਗ ਵਿਚ ਹਾਜ਼ਰ ਮੈਂਬਰ ਸਹਿਬਾਨ ਨਾਲ ਜਾਣ-ਪਹਿਚਾਣ ਕਰਵਾਈ ਗਈ। ਨਾਲ ਹੀ ਇਹ ਦੱਸਿਆ ਗਿਆ ਕਿ ਬੋਰਡ ਜਿਸ ਦੀ ਤਿੰਨ ਸਾਲ ਦੀ ਮਿਆਦ ਮਿਤੀ 29.4.2012 ਨੂੰ ਸਮਾਪਤ ਹੋ ਰਹੀ ਹੈ, ਦੇ ਮੈਂਬਰ ਸਾਹਿਬਾਨ ਵਲੋਂ ਬੋਰਡ ਦੀ ਗਤਿਵਿਧੀਆਂ ਚਲਾਉਂਣ ਲਈ ਪੂਰਣ ਸਹਿਯੋਗ ਦਿਤਾ ਗਿਆ। ਇਸ ਲਈ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਜਾਂਦਾ ਹੈ। ਇਸ ਉਪਰੰਤ ਮੀਟਿੰਗ ਦੀ ਅਜੰਡਾ ਆਈਟਮਾਂ ਤੇ ਵਿਚਾਰ ਕਰਨ ਮਗਰੋਂ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ: 1** — **ਬੋਰਡ ਦੀ 6ਵੀ. ਮੀਟਿੰਗ ਮਿਤੀ 2.3.2010 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਹਿਬਾਨ ਵਲੋਂ ਛੇਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ: 2** — **ਬੋਰਡ ਦੀ ਛੇਵੀ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ ਛੇਵੀ ਮੀਟਿੰਗ ਸਬੰਧੀ ਆਈਟਮ ਵਾਈਜ਼ ਲਏ ਗਏ ਫੈਸਲਿਆ ਤੇ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਸਹਿਮਤੀ ਦਿਤੀ ਗਈ ਅਤੇ ਹੋਰ ਕੁਝ ਫੈਸਲੇ ਹੇਠ ਅਨਸੁਾਰ ਲਏ ਗਏ:-

**ਚੋਥੀ ਮੀਟਿੰਗ ਦੀ ਆਈਟਮ ਨੰ:2 ਦਾ ਫੈਸਲਾ ਨੰ:2**

**ਕਿਰਤ ਵਿਭਾਗ ਦੇ ਅਧਿਕਾਰੀਆਂ ਵਲੋ ਘੱਟ ਸੈਸ ਇਕੱਤਰ ਕਰਨ ਬਾਰੇ**

**ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਭਾਵੇਂ ਕਿਰਤ ਵਿਭਾਗ ਦੇ ਜਿਨ੍ਹਾਂ ਅਧਿਕਾਰੀਆਂ ਵਲੋਂ ਘੱਟ ਸੈਸ ਇਕੱਤਰ ਕਰਨਾ ਪਾਇਆ ਗਿਆ ਸੀ, ਉਨ੍ਹਾਂ ਵਿਰੁਧ ਦੋਸ਼ ਸੂਚੀ ਜਾਰੀ ਕਰਨ ਲਈ ਸਰਕਾਰ ਨੂੰ ਲਿਖਿਆ ਜਾ ਚੁੱਕਾ ਹੈ, ਲੇਕਿਨ ਇਸ ਬਾਰੇ ਮੈਂਬਰ ਸਹਿਬਾਨ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਸੈਸ ਐਕਟ ਅਧੀਨ ਸੈਸ ਇਕੱਤਰ ਕਰਨ ਵਿਚ ਬੋਰਡ ਦਾ ਕੋਈ ਰੋਲ ਨਹੀ ਹੈ, ਕਿਉਂਕਿ ਉਸਾਰੀ ਅਦਾਰਿਆਂ ਤੋਂ ਸੈਸ ਇਕੱਤਰ ਕਰਨਾ ਸਰਕਾਰ ਦੇ ਅਧਿਕਾਰ ਖੇਤਰ ਵਿਚ ਹੀ ਆਉਂਦਾ ਹੈ। ਇਸ ਨਾਲ ਮੈਂਬਰ ਸਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ ਹੈ।**

**ਚੌਥੀ ਮੀਟਿੰਗ ਦੀ ਆਈਟਮ ਨੰ: 4**

**ਪੰਜੀਕ੍ਰਿਤ ਉਸਾਰੀ ਕਿਰਤੀਆਂ ਵਲੋਂ ਜਮਾਂ ਕਰਵਾਈ ਜਾਂਦੀ ਅੰਸ਼ਦਾਨ ਰਾਸ਼ੀ ਘਟਾਉਂਣ ਬਾਰੇ।**

**ਪੰਜੀਕ੍ਰਿਤ ਉਸਾਰੀ ਕਿਰਤੀਆਂ ਵਲੋਂ ਜਮਾਂ ਕਰਵਾਈ ਜਾਂਦੀ ਅੰਸ਼ਦਾਨ ਦੀ ਰਾਸ਼ੀ ਘਟਾਉਂਣ ਬਾਰੇ ਪਹਿਲਾਂ ਲਏ ਫੈਸਲੇ ਸਬੰਧੀ ਕੀਤੀ ਕਾਰਵਾਈ ਬਾਰੇ ਮੈਂਬਰਾ ਨੂੰ ਜਾਣੂ ਕਰਵਾਇਆ ਗਿਆ। ਇਸ ਉਪਰੰਤ ਬੋਰਡ ਵਲੋਂ ਇਹ ਫੈਸਲਾ ਲਿਆ ਗਿਆ ਕਿ ਸਰਕਾਰ ਵਲੋਂ ਅੰਸ਼ਦਾਨ ਦੀ ਨਿਰਧਾਰਤ 10 ਰੁ: ਦੀ ਰਾਸ਼ੀ ਹੁਣ ਘਟਾਉਂਣ ਦੀ ਜਰੂਰਤ ਨਹੀਂ ਹੈ।**

**ਚੋਥੀ ਮੀਟਿੰਗ ਦੀ ਸਪਲੀਮੈਂਟਰੀ ਆਈਟਮ ਨੰ:2**

**ਕੈਮਰਿਆਂ ਦੀ ਖ੍ਰੀਦ ਕਰਨ ਬਾਰੇ**

**ਬੋਰਡ ਵਲੋਂ ਮੁੜ ਫੈਸਲਾ ਲਿਆ ਗਿਆ ਕਿ ਜੇਕਰ ਹੁਣ ਤੱਕ ਬਟਾਲਾ ਅਤੇ ਗੁਰਦਾਸਪੁਰ ਲਈ ਕੈਮਰਿਆਂ ਦੀ ਖ੍ਰੀਦ ਨਹੀ ਕੀਤੀ ਗਈ, ਤਾਂ ਹੁਣ ਤੁਰੰਤ ਕੀਤੀ ਜਾਵੇ।**

**ਪੰਜਵੀ ਮੀਟਿੰਗ ਦੀ ਸਪਲੀਮੈਂਟਰੀ ਆਈਟਮ ਨੰ:3 ਭਾਗ ਦੂਜਾ**

**ਸੇਫਟੀ ਮੈਨੁਅਲ ਬਾਰੇ**

**ਸੇਫਟੀ ਮੈਨੁਅਲ ਦੀ ਕਾਪੀ 15 ਮਈ 2012 ਤੱਕ ਸਿੰਚਾਈ ਅਤੇ ਪਾਵਰ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਨੂੰ ਭੇਜੀ ਜਾਵੇ।**

**ਅਜੰਡਾ ਆਈਟਮ ਨੰ:4 (ਛੇਵੀ ਮੀਟਿਗ)**

**ਬਾਲ ਮਜਦੂਰੀ ਖਾਤਮਾ ਸਪਤਾਹ ਦਿਵਸ ਅਤੇ ਮਈ ਦਿਵਸ ਆਦਿ ਦੇ ਇੰਤਜਾਮ ਬਾਰੇ।**

**ਬੋਰਡ ਦੇ ਸਮੂਹ ਮੈਂਬਰ ਸਹਿਬਾਨ ਵਲੋਂ ਇਹ ਵਿਚਾਰ ਪ੍ਰਗਟ ਕੀਤੇ ਗਏ ਕਿ ਬਾਲ ਮਜਦੂਰੀ ਖਾਤਮਾ ਸਪਤਾਹ ਦਿਵਸ ਅਤੇ ਮਈ ਦਿਵਸ ਆਦਿ ਵਰਗੇ ਸਮਾਰੋਹ ਕਰਨ ਦੇ ਪ੍ਰਬੰਧ ਲਈ ਇੰਤਜਾਮ ਕਿਰਤ ਵਿਭਾਗ, ਪੰਜਾਬ ਲੇਬਰ ਵੈਲਫੇਅਰ ਬੋਰਡ ਅਤੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਰਲਕੇ ਸਾਝੇ ਤੌਰ ਤੇ ਕੀਤਾ ਜਾਵੇ ਅਤੇ ਅਗੋਂ ਤੋਂ ਇਸ ਸਬੰਧ ਵਿਚ ਹੋਏ ਕੁੱਲ ਖਰਚੇ ਨੂੰ ਬਰਾਬਰ ਅਨੁਪਾਤ ਵਿਚ ਵੰਡਿਆ ਜਾਵੇ ਤਾਂ ਜੋ ਬੋਰਡ ਉਤੇ ਸਾਰੇ ਖਰਚੇ ਦਾ ਭਾਰ ਨਾ ਪਵੇ।**

**ਸਪਲੀਮੈਂਟਰੀ ਆਈਟਮ ਨੰ:2** **ਜਨਰਲ**

ਇਸ ਆਈਟਮ ਤੇ ਲਏ ਫੈਸਲਿਆ ਬਾਰੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨਸੁਾਰ ਕਾਰਵਾਈ ਕਰਨ ਬਾਰੇ ਫੈਸਲੇ ਲਏ ਗਏ:-

**1. ਰਾਸ਼ਟਰੀਆਂ ਸਵਾਸਥ ਬੀਮਾ ਯੋਜਨਾ**

ਸਕੱਤਰ ਜੀ ਵਲੋਂ ਇਹ ਦਸਣ ਤੇ ਕਿ RSBY ਦੀ ਜੋ ਘੱਟ enrollment ਹੋਈ ਹੈ, ਉਸਦਾ ਮੁੱਖ ਕਾਰਣ ਪ੍ਰਵਾਸੀ ਮਜਦੂਰ ਹਨ। ਇਸ ਬਾਰੇ ਆਮ ਸਹਿਮਤੀ ਨਾਲ ਇਹ ਪ੍ਰਵਾਨ ਕੀਤਾ ਗਿਆ ਕਿ ਪਿੰਡਾਂ ਵਿਚ ਵੀ ਕਾਫੀ ਮਜਦੂਰ ਉਸਾਰੀ ਕੰਮਾਂ ਦੇ ਨਾਲ ਸਬੰਧਤ ਹੋਣ ਕਰਕੇ, ਰਾਜ ਦੇ ਪਿੰਡ-ਪਿੰਡ ਵਿਚ ਸਰਵੇਖਣ ਕਰਕੇ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇ।

**2. ਕਿਰਤ ਭਲਾਈ ਸਕੀਮਾਂ ਦਾ ਪੂਰਾ ਲਾਭ ਦੇਣ ਬਾਰੇ।**

ਮੈਂਬਰਾਂ ਵਲੋਂ ਮਹਿਸੂਸ ਕੀਤਾ ਗਿਆ ਕਿ ਬੋਰਡ ਦੀਆਂ ਪ੍ਰਵਾਨਤ ਭਲਾਈ ਸਕੀਮਾਂ ਵਿਚੋਂ ਕੁਝ ਅਜਿਹੀਆਂ ਸਕੀਮਾਂ ਵੀ ਹਨ, ਜਿਨ੍ਹਾਂ ਵਰਗੇ ਲਾਭ ਸਰਕਾਰ ਦੇ ਹੋਰ ਮਹਿਕਮੇ ਅਤੇ ਸੰਸਥਾਵਾਂ ਵਲੋਂ ਵੀ ਦਿਤੇ ਜਾਂਦੇ ਹਨ। ਇਸ ਲਈ ਇਹ ਫੈਸਲਾ ਲੈਂਣ ਦੀ ਲੋੜ ਹੈ ਕਿ ਜੇਕਰ ਕਿਸੇ ਹੋਰ ਮਹਿਕਮੇ/ ਸੰਸਥਾ ਵਲੋਂ ਕਿਸੇ ਹੋਰ ਸਕੀਮ ਦੇ ਤਹਿਤ ਅਜਿਹੇ ਲਾਭ ਮਿਲ ਰਹੇ ਹੋਣ ਤਾਂ ਕੀ ਬੋਰਡ ਦੀ ਸਕੀਮ ਅਧੀਨ ਲਾਭ ਦਿਤਾ ਜਾਣਾਂ ਹੈ ਜਾਂ ਨਹੀ।ਬੋਰਡ ਵਲੋਂ ਇਹ ਫੈਸਲਾ ਲਿਆ ਗਿਆ ਕਿ ਬੋਰਡ ਦੇ ਰਜਿ: ਲਾਭਪਾਤਰੀ ਨੂੰ ਭਾਵੇਂ ਕਿਸੇ ਹੋਰ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋ ਕੋਈ ਲਾਭ ਮਿਲ ਰਿਹਾ ਹੋਵੇ, ਨੂੰ ਵੀ ਬੋਰਡ ਦੀ ਸਕੀਮਾਂ ਦਾ ਪੂਰਾ ਲਾਭ ਦਿਤਾ ਜਾਵੇ। ਇਸ ਬਾਰੇ ਬੋਰਡ ਦੀਆਂ ਸਕੀਮਾਂ ਵਿਚ ਜੇਕਰ ਸੋਧ ਦੀ ਲੋੜ ਹੋਵੇ, ਤਾਂ ਲੋੜੀਂਦੀ ਸੋਧ ਕਰ ਲਈ ਜਾਵੇ।

**3. ਬੋਰਡ ਦੀਆਂ ਕਿਰਤ ਭਲਾਈ ਸਕੀਮਾਂ ਦੇ ਦੂਰਦਰਸ਼ਨ ਜਲੰਧਰ ਰਾਹੀਂ ਦਿਤੇ ਜਾ ਰਹੇ ਵਿਗਿਆਪਨ ਬਾਰੇ।**

ਸ਼੍ਰੀ ਸੋਮਨਾਥ ਅਗਰਵਾਲ ਮੈਂਬਰ ਵਲੋਂ ਇਹ ਗਲ ਧਿਆਨ ਵਿਚ ਲਿਆਂਦੀ ਗਈ ਕਿ ਭਾਵੇਂ ਕਿ ਬੋਰਡ ਦੀਆਂ ਸਕੀਮਾਂ ਦਾ ਦੂਰਦਰਸ਼ਨ ਜਲੰਧਰ ਰਾਹੀਂ ਪ੍ਰਚਾਰ ਕੀਤਾ ਜਾ ਰਿਹਾ ਹੈ, ਪ੍ਰੰਤੂ ਇਸਦੇ ਬਾਵਜੂਦ ਵੀ ਲੁਧਿਆਣਾ ਵਿਖੇ ਬਹੁਤ ਘੱਟ ਗਿਣਤੀ ਵਿਚ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਹੋ ਰਹੀ ਹੈ। ਇਸ ਬਾਰੇ ਮੈਂਬਰ ਸਹਿਬਾਨ ਨੂੰ ਆਪਣੀ ਸਹੂਲਤ ਅਨੁਸਾਰ ਮਿਤੀ ਅਤੇ ਸਮਾਂ ਦਸਣ ਲਈ ਕਿਹਾ ਗਿਆ ਤਾ ਜੋ ਉਸ ਅਨੁਸਾਰ ਲੁਧਿਆਣਾਂ ਵਿਖੇ ਰਜਿਸ਼ਟ੍ਰੇਸ਼ਨ ਸਬੰਧੀ ਕੈਂਪ ਆਦਿ ਲਗਾਉਂਣ ਦਾ ਪ੍ਰਬੰਧ ਕਰਕੇ, ਉਨ੍ਹਾਂ ਦੀ ਮੋਜੂਦਗੀ ਵਿਚ ਹੀ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਕੀਤੀ ਜਾ ਸਕੇ। ਇਸੇ ਤਰਾਂ ਇਹ ਵੀ ਫੈਸਲਾ ਲਿਆ ਗਿਆ ਕਿ ਬਾਕੀ ਮੈਂਬਰ ਸਹਿਬਾਨ ਵੀ ਆਪਣੀ ਸਹੂਲਤ ਅਨੁਸਾਰ ਮਿਤੀ, ਸਮਾਂ ਅਤੇ ਸਥਾਨ ਬਾਰੇ ਬੋਰਡ ਦੇ ਦਫਤਰ ਨੂੰ ਸੂਚਿਤ ਕਰਨ ਤਾਂ ਜੋ ਉਸ ਅਨੁਸਾਰ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਸਬੰਧੀ ਕੈਂਪ ਆਦਿ ਲਗਾਉਂਣ ਦਾ ਪ੍ਰਬੰਧ ਕੀਤਾ ਜਾ ਸਕੇ।

**4. ਉਸਾਰੀ ਕਿਰਤੀਆ ਲਈ ਲੇਬਰ ਸੈਡਾਂ ਦੀ ਉਸਾਰੀ ਬਾਰੇ**

ਬੋਰਡ ਵਲੋਂ ਮੁੜ ਇਹ ਫੈਸਲਾ ਲਿਆ ਗਿਆ ਕਿ ਮੁੱਢਲੀ ਪੱਧਰ ਤੇ ਵੱਖ-ਵੱਖ ਥਾਵਾਂ/ ਸਹਿਰਾਂ ਵਿਚ ਲੇਬਰ ਸੈਡਾਂ ਦੀ ਉਸਾਰੀ ਲਈ ਜਗ੍ਹਾਂ ਦੀ ਪਹਿਚਾਨ ਕਰਕੇ ਬੋਰਡ ਵਲੋਂ ਜਮੀਨ ਖਰੀਦਣ ਲਈ ਤਜਵੀਜ ਪੇਸ਼ ਕੀਤੀ ਜਾਵੇ। ਇਸ ਦੇ ਨਾਲ ਹੀ ਉਸਾਰੀ ਲਈ ਲੇਬਰ ਸ਼ੈਡ ਦਾ ਨਕਸ਼ਾ ਕਾਲਜ ਆਫ ਆਰਕੀਟੈਕਚਰ ਚੰਡੀਗੜ੍ਹ ਤੋਂ ਬਣਵਾਉਂਣ ਲਈ ਸੁਝਾਅ ਦਿਤਾ ਗਿਆ। ਇਹ ਨਕਸ਼ੇ ਤਿੰਨ ਮਾਡਲਾਂ ਦੀ ਸ਼ਕਲ ਵਿਚ, ਜਿਨ੍ਹਾਂ ਵਿਚ 0-50, 50-100 ਅਤੇ 100-150 ਉਸਾਰੀ ਕਿਰਤੀਆਂ ਦੇ ਖੜੇ ਹੋਂਣ/ ਬੈਠਣ ਦਾ ਪ੍ਰਬੰਧ ਹੋਵੇ, ਨੂੰ ਧਿਆਨ ਵਿਚ ਰੱਖਕੇ ਤਿਆਰ ਕਰਵਾਏ ਜਾਣ ਅਤੇ ਇਨ੍ਹਾਂ ਨਕਸ਼ਿਆ ਮੁਤਾਬਕ ਲੋੜ ਅਨੁਸਾਰ ਜਮੀਨ ਖਰੀਦਣ ਲਈ ਕਿਰਤ ਵਿਭਾਗ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਨੂੰ ਤਜਵੀਜ ਭੇਜਣ ਲਈ ਮੁੜ ਲਿਖਿਆ ਜਾਵੇ।

## 5. ਕਿਰਤ ਭਲਾਈ ਸਕੀਮਾਂ ਦਾ ਵੇਧਰੇ ਪ੍ਰਚਾਰ ਕਰਨ ਬਾਰੇ

ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਇਹ ਸੁਝਾਅ ਪੇਸ਼ ਕੀਤੇ ਗਏ ਕਿ ਉਸਾਰੀ ਕਿਰਤੀਆਂ ਲਈ ਕਿਰਤ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਪ੍ਰਚਾਰ ਰਾਜ ਦੇ ਸਾਰੇ ਪਿੰਡਾਂ ਵਿਚ ਪੰਚ/ ਸਰਪੰਚਾਂ ਰਾਹੀਂ ਕਰਵਾਇਆ ਜਾਵੇ। ਇਸ ਸਬੰਧ ਵਿਚ ਬੋਰਡ ਵਲੋਂ ਫੈਸਲਾ ਕੀਤਾ ਗਿਆ ਕਿ ਇਸ ਬਾਰੇ ਪਹਿਲਾਂ ਜਿਲ੍ਹਾਂ ਪੱਧਰ ਤੇ ਕਾਰਵਾਈ ਆਰੰਭੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਰਾਜ ਵਿਚ ਜਿਲ੍ਹਾਂ ਹੈਡਕੁਆਟਰ ਉਤੇ ਉਘੇ ਸਥਾਨ ਅਤੇ ਵੱਡੇ-ਵੱਡੇ ਤਿਉਹਾਰਾਂ ਵਜੋ ਮਨਾਏ ਜਾਣ ਵਾਲੇ ਸਮਾਰੋਹਾਂ ਦੇ ਮੋਕੇ, ਬੋਰਡ ਦੀਆਂ ਸਕੀਮਾਂ ਦੇ ਪ੍ਰਚਾਰ ਲਈ **'ਹੋਰਡਿੰਗਜ਼'** ਲਗਾਏ ਜਾਣ।

## 6. ਉਸਾਰੀ ਕਿਰਤੀਆਂ ਲਈ ਨਵੀਆਂ ਭਲਾਈ ਸਕੀਮਾਂ ਬਨਾਉਂਣ ਬਾਰੇ

ਮੈਂਬਰ ਸਕੱਤਰ ਵਲੋ ਦਸਿਆ ਗਿਆ ਕਿ ਇਕ ਹੋਰ ਭਲਾਈ ਸਕੀਮ **"ਮੈਡੀਕਲ ਮੋਬਾਇਲ ਡਿਸਪੈਂਸਰੀ ਵੈਨ ਸਕੀਮ"** ਤਿਆਰ ਕਰਕੇ ਸਰਕਾਰ ਨੂੰ ਭੇਜੀ ਗਈ ਸੀ, ਜਿਸ ਬਾਰੇ ਸਰਕਾਰ ਵਲੋਂ ਕੁਝ ਨੁਕਤਿਆਂ ਬਾਰੇ ਰਿਪੋਟ ਮੰਗੀ ਹੋਈ ਹੈ ਜੋ ਕਿ ਮੁੜ ਸਰਕਾਰ ਨੂੰ ਭੇਜ ਦਿਤੀ ਜਾਵੇਗੀ। ਇਸ ਤੋਂ ਇਲਾਵਾ ਮੈਂਬਰ ਸਕੱਤਰ ਵਲੋਂ ਇਕ ਹੋਰ **ਸਵਾਲੰਬਨ ਪੈਨਸ਼ਨ ਸਕੀਮ** ਬਾਰੇ ਵਿਸਥਾਰ ਵਿਚ ਜਾਣੂ ਕਰਵਾਉਂਦੇ ਹੋਏ ਇਸ ਦੀ ਬੋਰਡ ਵਲੋਂ ਸਿਧਾਤਕ ਤੋਰ ਤੇ ਪ੍ਰਵਾਨਗੀ ਦੇਣ ਬਾਰੇ ਬੇਨਤੀ ਕੀਤੀ ਗਈ। ਇਸ ਸਕੀਮ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਲਿਆ ਕਿ ਪਹਿਲਾਂ ਇਹ ਸਕੀਮ ਸਰਕਾਰ ਨੂੰ ਮੁਢੱਲੀ ਪੜਚੋਲ ਵਾਸਤੇ ਭੇਜੀ ਜਾਵੇ। ਇਹ ਵੀ ਕਿਹਾ ਗਿਆ ਕਿ ਇਸ ਦੇ ਨਾਲ-ਨਾਲ ਹੋਰ ਪੈਨਸ਼ਨ ਸਕੀਮ ਬਨਾਉਂਣ ਬਾਰੇ ਵੀ ਕਾਰਵਾਈ ਅਰੰਭੀ ਜਾਵੇ। ਇਸ ਤੋਂ ਇਲਾਵਾ ਪਿਛਲੀ ਮੀਟਿੰਗ ਵਿਚ ਲਏ ਫੈਸਲੇ ਅਨੁਸਾਰ ਬਾਕੀ ਵਿਸ਼ਿਆ ਬਾਰੇ ਵੀ ਨਵੀਆਂ ਸਕੀਮਾਂ ਬਨਾਉਂਣ ਲਈ ਕਾਰਵਾਈ ਅਰੰਭ ਕਰਨ ਲਈ ਕਿਹਾ ਗਿਆ।

## ਆਈਟਮ ਨੰ: 3 ਬੋਰਡ ਦੀ ਗਤੀਵਿਧੀਆਂ ਸਬੰਧੀ ਸਾਲ 2011-12 ਦੀ ਸਲਾਨਾ ਰਿਪੋਟ ਦੀ ਪ੍ਰਵਾਨਗੀ ਬਾਰੇ।

ਇਸ ਮੱਦ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਮੈਂਬਰ ਸਕੱਤਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਇਸ ਮੱਦ ਦੇ ਅਖਿਰ ਵਿਚ ਬੋਰਡ ਵੱਲੋਂ ਖਰੀਦੇ ਗਏ assets ਬਾਰੇ ਲਗਾਈ ਸਟੇਟਮੈਂਟ ਦਾ ਸਬੰਧ ਸਾਲ 2011-12 ਤੱਕ ਦੇ assets ਨਾਲ ਹੈ ਨਾ ਕਿ ਸਾਲ 2011-12 ਦੋਰਾਨ ।ਬੋਰਡ ਵਲੋਂ ਸਾਲ 2011-12 ਦੀ ਸਲਾਨਾ ਰਿਪੋਟ ਨੂੰ ਪ੍ਰਵਾਨਗੀ ਦਿੰਦੇ ਹੋਏ ਇਹ ਫੈਸਲਾ ਵੀ ਲਿਆ ਗਿਆ ਕਿ ਇਸ ਵਿਚ ਦਰਸਾਏ ਰਜਿਸਟਰਡ ਕੀਤੇ ਲਾਭਪਾਤਰੀਆਂ ਦੀ ਗਿਣਤੀ 22423 ਦੇ ਜਿਲ੍ਹਾ ਵਾਈਜ਼ ਵੇਰਵੇ, ਇਸ ਮੀਟਿੰਗ ਦੀ ਕਾਰਵਾਈ ਰਿਪੋਟ ਦੇ ਨਾਲ ਲਗਾਕੇ ਬੋਰਡ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਹਿੱਤ ਭੇਜੇ ਜਾਣ।

## ਆਈਟਮ ਨੰ: 4 ਬੋਰਡ ਵਿੱਚ ਸਟਾਫ ਦੀ ਨਿਯੁਕਤੀ ਚਾਲੂ ਰਖਣ ਬਾਰੇ।

ਇਸ ਮੱਦ ਤੇ ਵਿਚਾਰ ਕਰਨ ਤੋਂ ਪਹਿਲਾਂ ਮੈਂਬਰ ਸਕੱਤਰ ਵਲੋਂ ਮੈਂਬਰ ਸਹਿਬਾਨ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਅਜੰਡੇ ਦੀ ਇਸ ਆਈਟਮ ਵਿਚ ਸਰਵਿਸ ਪ੍ਰੋਵਾਈਡਰ ਦੁਆਰਾ ਮੁਹਈਆ ਕਰਵਾਏ ਸਟਾਫ ਦੀ ਸੂਚੀ ਵਿਚ 'ਲੇਖਾ ਸਹਾਇਕ' ਦੀ ਅਸਾਮੀ ਟਾਈਪ ਹੋਣ ਤੋਂ ਰਹਿ ਗਈ ਸੀ, ਜਿਸ ਬਾਰੇ ਸੋਧ ਕਰ ਦਿਤੀ ਗਈ ਹੈ। ਇਸ ਆਈਟਮ ਤੇ ਬੋਰਡ ਵੱਲੋਂ ਵਿਸਥਾਰ-ਪੂਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ।

1. **ਬੋਰਡ ਵਿੱਚ ਸਰਵਿਸ ਪ੍ਰੋਵਾਈਡਰ ਵੱਲੋਂ ਉਪੱਲਬਧ ਕਰਵਾਏ ਹਰ ਵਰਗ ਦੇ ਅਧਿਕਾਰੀ/ ਕਰਮਚਾਰੀਆਂ ਦੀ ਮਿਤੀ 30-6-2012 ਤੋਂ ਅੱਗੇ ਮਿਆਦ ਵਿੱਚ ਵਾਧਾ ਕਰਨ ਬਾਰੇ ਪਹਿਲਾਂ ਮੌਜੂਦਾ ਸਰਵਿਸ ਪ੍ਰੋਵਾਈਡਰ ਨੂੰ ਮੁੜ ਪੁੱਛ ਲਿਆ ਜਾਵੇ ਕਿ ਜੇਕਰ ਉਹ 0.5 ਸਰਵਿਸ ਚਾਰਜਜ਼ ਦੇ ਰੇਟ ਅਨੁਸਾਰ ਪਹਿਲਾਂ ਹੋਏ ਐਗਰੀਮੈਂਟ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਮੁਤਾਬਕ ਮਿਤੀ 30-6-2012 ਤੋਂ ਅੱਗੇ ਕੰਮ ਕਰਨ ਲਈ ਤਿਆਰ ਹੋਵੇ ਤਾਂ ਉਸਦੇ ਠੇਕੇ ਦੀ ਮਿਆਦ ਹੋਰ ਇਕ ਸਾਲ ਲਈ (ਭਾਵ 30-6-2013) ਤੱਕ ਵਧਾ ਦਿੱਤੀ ਜਾਵੇ।**

2. **ਜੇਕਰ ਮੌਜੂਦਾ ਸਰਵਿਸ ਪ੍ਰੋਵਾਈਡਰ ਉਕਤ ਤਜਵੀਜ਼ ਨਾਲ ਸਹਿਮਤ ਨਹੀ ਹੁੰਦਾ ਤਾਂ ਫਿਰ ਪਹਿਲਾਂ ਵਾਂਗ ਤਨਖਾਹ+ ਸਟੈਚੁਟਰੀ ਬੈਨੀਫਿਟਸ, ਟੈਕਸ ਅਤੇ ਸਰਵਿਸ ਚਾਰਜਿਜ਼ ਸਬੰਧੀ ਮੁੜ ਟੈਂਡਰ ਰਾਹੀਂ ਸਰਵਿਸ ਪ੍ਰੋਵਾਈਡਰਾਂ ਪਾਸੋਂ ਰੇਟ ਮੰਗਕੇ, ਸਰਵਿਸ ਚਾਰਜਿਜ਼ ਦੇ ਘੱਟੋ-ਘੱਟ ਰੇਟ ਦੇ ਅਧਾਰ ਤੇ ਸਰਵਿਸ ਪ੍ਰੋਵਾਈਡਰ ਨੂੰ ਇਕ ਸਾਲ ਲਈ ਠੇਕਾ ਦਿਤਾ ਜਾਵੇ ਤਾਂ ਜੋ ਉਸ ਵਲੋਂ ਬੋਰਡ ਦੁਆਰਾ ਵੱਖ-ਵੱਖ ਰਚਨਾ ਕੀਤੀਆਂ ਅਸਾਮੀਆਂ ਮੁਤਾਬਕ ਸਟਾਫ ਮੁਹਇਆ ਕਰਵਾਇਆ ਜਾਵੇ।**

## ਆਈਟਮ ਨੰ: 5 ਬੋਰਡ ਦੇ ਰੋਜ਼ਾਨਾ ਦੇ ਫੁਟੱਕਲ ਖਰਚਿਆਂ ਲਈ Impresst ਦਾ ਉਪਬੰਧ ਕਰਨ ਬਾਰੇ।

ਬੋਰਡ ਵੱਲੋਂ ਅਚਨਚੇਤ ਦਫਤਰੀ ਖਰਚਿਆਂ ਲਈ 10,000 ਰੁ: ਤੱਕ Imprest ਦੀ ਰਕਮ ਬੈਂਕ ਵਿਚੋਂ ਕਢਵਾਕੇ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ । ਇਸਤੋਂ ਇਲਾਵਾ ਇਹ ਵੀ ਫੈਸਲਾ ਹੋਇਆ ਕਿ ਜੇਕਰ ਕਿਸੇ ਸਮੇਂ ਇਸ ਤੋਂ ਵੱਧ ਪੈਸੇ ਕਢਵਾਉਂਣ ਦੀ ਲੋੜ ਹੋਵੇ, ਤਾਂ 25,000/- ਰੁਪਏ ਤੱਕ ਦੀ ਰਕਮ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਬੈਂਕ ਵਿਚੋ ਕਢਵਾਕੇ Imprest ਵਿਚ ਰਖੀ ਜਾ ਸਕਦੀ ਹੈ ।

## ਸਪਲੀਮੈਂਟਰੀ ਆਈਟਮ ਨੰ:1 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਿੱਚ ਡਿਪਟੀ ਸਕੱਤਰ ਦੀ ਅਸਾਮੀ ਭਰਨ ਬਾਰੇ।

ਬੋਰਡ ਵਿੱਚ ਡਿਪਟੀ ਸਕੱਤਰ ਦੀ ਅਸਾਮੀ ਕਿਰਤ ਵਿਭਾਗ ਵਿੱਚ ਕੰਮ ਕਰ ਰਹੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਵਿੱਚੋਂ ਡੈਪੁਟੇਸ਼ਨ ਰਾਹੀਂ ਭਰਨ ਬਾਰੇ ਆਪਣੀ ਪਹਿਲੀ ਮੀਟਿੰਗ ਮਿਤੀ 9-6-2009 ਵਿੱਚ ਮੱਦ ਨੰ: 4 ਰਾਹੀਂ ਫੈਸਲੇ ਤੇ ਪੁਨਰਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਡੈਪੁਟੇਸ਼ਨ ਦੀ ਬਜਾਏ, ਡਿਪਟੀ ਸਕੱਤਰ ਦੀ ਅਸਾਮੀ ਪੰਜਾਬ ਸਰਕਾਰ ਦੇ ਰਿਟਾਇਰਡ ਅਧਿਕਾਰੀਆਂ ਵਿੱਚੋਂ ਅਖਬਾਰਾਂ ਵਿਚ ਵਿਗਿਆਪਨ ਦੇ ਕੇ ਸਿੱਧੇ ਤੌਰ ਤੇ ਠੇਕੇ ਤੇ ਭਰਨ ਬਾਰੇ ਸਿਧਾਂਤਕ ਤੌਰ ਤੇ ਪ੍ਰਵਾਨਗੀ ਦਿੱਤੀ ਗਈ। ਮੈਂਬਰ ਸਕੱਤਰ ਵਲੋਂ ਇਹ ਦੱਸਣ ਤੇ ਕਿ ਇਸ ਅਸਾਮੀ ਲਈ 65 ਸਾਲ ਦੀ ਬਜਾਏ 60 ਸਾਲ ਦੀ ਉਮਰ ਤੱਕ ਦੇ ਵਿਅਕਤੀ ਅਰਜੀ ਦੇ ਸਕਣਗੇ, ਬਾਰੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਅਸਾਮੀ ਲਈ 60 ਸਾਲ ਤੱਕ ਦੀ ਉਮਰ ਦੇ ਵਿਅਕਤੀ ਹੀ ਅਰਜ਼ੀਆਂ ਭੇਜ ਸਕਣਗੇ ਅਤੇ ਉਮੀਦਵਾਰ ਦੀ ਪਹਿਲੀ ਵਾਰ ਨਿਯੁਕਤੀ ਦੋ ਸਾਲ ਦੇ ਸਮੇਂ ਲਈ ਹੋਵੇਗੀ ਜੋਕਿ ਇਕ-ਇਕ ਸਾਲ ਦੇ ਹਿਸਾਬ ਨਾਲ ਦੋਨਾਂ ਧਿਰਾ ਦੀ ਸਹਿਮਤੀ ਨਾਲ 65 ਸਾਲ ਤੱਕ ਦੀ ਉਮਰ ਤੱਕ ਵਧਾਈ ਜਾ ਸਕੇਗੀ। ਡਿਪਟੀ ਸਕੱਤਰ ਦੀ ਅਸਾਮੀ ਲਈ ਵਿਅਕਤੀ "ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨ ਆਫ ਸਰਵਿਸ) ਐਕਟ, 1996 ਅਤੇ ਸੈਸ ਐਕਟ, 1996" ਦੇ ਲਾਗੂ ਕਰਾਉਣ ਬਾਰੇ ਘੱਟੋ-ਘੱਟ 2 ਸਾਲ ਦਾ ਤਜਰਬਾ ਰਖੱਦਾ ਹੋਵੇ ਜਿਸ ਲਈ ਉਸ ਨੂੰ ਤਨਖਾਹ ਸਰਕਾਰੀ ਨਿਯਮਾਂ ਅਨੁਸਾਰ ਰਿਟਾਇਰਮੈਂਟ ਸਮੇਂ ਮਿਲ ਰਹੀ ਤਨਖਾਹ ਵਿੱਚੋਂ ਉਸਦੀ ਪੈਨਸ਼ਨ ਦੀ ਰਕਮ ਘਟਾਕੇ ਦਿੱਤੀ ਜਾਵੇਗੀ। ਇਹ ਵੀ ਫੈਸਲਾ ਹੋਇਆ ਕਿ ਡਿਪਟੀ ਸਕੱਤਰ ਦੀ ਪੋਸਟ ਭਰਨ ਲਈ ਕਮੇਟੀ ਦਾ ਗਠਨ ਚੇਅਰਮੈਨ ਦੀ ਪ੍ਰਵਾਨਗੀ ਉਪਰੰਤ ਕੀਤਾ ਜਾਵੇ।

ਮਾਨਯੋਗ ਕਿਰਤ ਮੰਤਰੀ-ਕਮ ਚੇਅਰਮੈਨ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਰਤ ਕਾਨੂੰਨਾਂ ਜਿਨ੍ਹਾਂ ਵਿਚ BOCW ਐਕਟ ਸ਼ਾਮਲ ਹੈ, ਦੀ ਸਖਤੀ ਨਾਲ ਪਾਲਨਾਂ ਕਰਵਾਈ ਜਾਣੀ ਚਾਹੀਦੀ ਹੈ। ਇਸ ਸਬੰਧ ਵਿਚ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਉਨ੍ਹਾਂ ਪਾਸ ਕਿਰਤ ਵਿਭਾਗ ਦੇ ਕੰਮਾਂ ਦੀ ਬਹੁਤਾਤ ਹੋਣ ਕਾਰਣ, ਉਨ੍ਹਾਂ ਵਲੋਂ ਬੋਰਡ ਦੇ ਕੰਮਾਂ ਵਿਚ ਪੂਰਾ ਧਿਆਨ ਦੇਣਾ ਸੰਭਵ ਨਹੀ ਹੁੰਦਾ, ਇਸ ਲਈ ਬੋਰਡ ਦੇ ਕੰਮ ਲਈ ਕਿਸੇ ਹੋਰ ਅਧਿਕਾਰੀ ਨੂੰ ਬਤੌਰ ਸਕੱਤਰ ਨਿਯੁਕਤ ਕਰਨ ਬਾਰੇ ਵਿਚਾਰ ਕਰ ਲਿਆ ਜਾਵੇ ਤਾਂ ਜੋ ਬੋਰਡ ਦੀ ਸਕੀਮਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਵਾਉਣ ਲਈ ਯੋਗ ਕਦਮ ਚੁੱਕੇ ਜਾ ਸਕਣ ।

ਮੈਂਬਰ ਸਹਿਬਾਨ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਕੀਤੀ ਗਈ।